# ਅੱਪਰ ਡਾਰਬੀ ਵਿਚ
# ਛੋਟਾ ਕਾਰੋਬਾਰ ਕਿਵੇਂ ਸ਼ੁਰੂ ਕੀਤਾ ਜਾਏ

ਇਸ ਗਾਈਡ ਵਿਚ ਉਹਨਾਂ ਗੱਲਾਂ ਦਾ ਸੰਖਿਪਤ ਵੇਰਵਾ ਦਿੱਤਾ ਗਿਆ ਹੈ ਜਿਨ੍ਹਾਂ ਉੱਪਰ ਅੱਪਰ ਡਾਰਬੀ ਵਿਚ ਛੋਟਾ ਬਿਜ਼ਨਸ ਸ਼ੁਰੂ ਕਰਨ ਵੇਲੇ ਵਿਚਾਰ ਕਰਨਾ ਚਾਹੀਦਾ ਹੈ। ਇਸ ਗਾਈਡ ਵਿਚ ਉਹਨਾਂ ਸਭ ਕਾਰਜ ਪ੍ਰਣਾਲੀਆਂ, ਨੇਮਾਂ ਅਤੇ ਲਾਇਸੈਂਸਾਂ ਬਾਰੇ ਦੱਸਿਆ ਗਿਆ ਹੈ ਜਿਨ੍ਹਾਂ ਦੀ ਲੋੜ ਹਰ ਛੋਟੇ ਬਿਜ਼ਨਸ ਲਈ ਪੈਂਦੀ ਹੈ, ਨਾਲ ਹੀ ਉਨ੍ਹਾਂ ਵਾਧੂ ਲਾਇਸੈਂਸਾਂ ਅਤੇ ਸਿਖਲਾਈ ਬਾਰੇ ਵੀ ਦੱਸਿਆ ਗਿਆ ਹੈ ਜਿਨ੍ਹਾਂ ਦੀ ਲੋੜ ਖਾਣ-ਪੀਣ ਦੀਆਂ ਚੀਜ਼ਾਂ ਨੂੰ ਵੇਚਣ ਜਾਂ ਵਰਤਣ ਵਾਲੇ ਕਾਰੋਬਾਰਾਂ ਲਈ ਪੈਂਦੀ ਹੈ।

ਕਿਰਪਾ ਕਰਕੇ ਯਾਦ ਰੱਖੋ ਕਿ ਇਹ ਇੱਕ ਗਾਈਡ ਹੈ ਅਤੇ ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਮੌਜੂਦਾ ਕਾਰਜ ਪ੍ਰਣਾਲੀ ਮੁਤਾਬਕ ਕੰਮ ਕਰ ਰਹੇ ਹੋ, ਤੁਹਾਨੂੰ ਆਪਣੇ ਟਾਊਨਸ਼ਿਪ ਦਫਤਰਾਂ ਨੂੰ ਸੰਪਰਕ ਕਰਨਾ ਚਾਹੀਦਾ ਹੈ।

# ਨੇਮਾਂ ਨੂੰ ਸਮਝਣਾ

ਸਾਰੇ ਕਾਰੋਬਾਰਾਂ ਲਈ ਨੇਮਾਂ (ਰੈਗੂਲੇਸ਼ਨਾਂ) ਦੀ ਪਾਲਣਾ ਕਰਨਾ ਜ਼ਰੂਰੀ ਹੈ ਜੋ ਕਿ ਸਰਕਾਰੀ ਨਿਯਮ ਹਨ। ਇਹ ਨੇਮ ਵੱਖ ਵੱਖ ਤਰ੍ਹਾਂ ਦੇ ਕਾਰੋਬਾਰਾਂ ਲਈ ਵੱਖਰੇ ਹੋ ਸਕਦੇ ਹਨ। ਬਹੁਤ ਜ਼ਰੂਰੀ ਹੈ ਕਿ ਕਾਰੋਬਾਰਾਂ ਦੇ ਮਾਲਕ ਆਪਣੇ ਗਾਹਕਾਂ ਅਤੇ ਕਾਰੋਬਾਰ ਵਿਚ ਲਗਾਏ ਪੈਸੇ ਦੀ ਸੁਰੱਖਿਆ ਨਾਲ ਜੁੜੇ ਨੇਮਾਂ ਨੂੰ ਸਮਝਣ ਅਤੇ ਉਹਨਾਂ ਦੀ ਪਾਲਣਾ ਕਰਨ।

## ਸਾਰੇ ਕਾਰੋਬਾਰਾਂ ਲਈ

ਜ਼ੋਨਿੰਗ ਬਾਰੇ ਨੇਮ ਇਹ ਦੱਸਦੇ ਹਨ ਕਿ ਕਿਸ ਥਾਂ ਤੇ ਕਿਸ ਤਰ੍ਹਾਂ ਦੇ ਕਾਰੋਬਾਰ ਚਲਾਏ ਜਾ ਸਕਦੇ ਹਨ ਅਤੇ ਸਾਈਨਬੋਰਡਾਂ ਅਤੇ ਪਾਰਕਿੰਗ ਬਾਰੇ ਨਿਯਮ ਨਿਰਧਾਰਿਤ ਕਰਦੇ ਹਨ।

ਬਿਲਡਿੰਗ ਕੋਡ ਬਾਰੇ ਨੇਮ ਇਹ ਮੰਗ ਕਰਦੇ ਹਨ ਕਿ ਬਿਜ਼ਨਸ ਪ੍ਰਾਪਰਟੀ ਦੀ ਬਣਤਰ ਅਤੇ ਉਸਦੇ ਅੰਦਰ ਦੀ ਥਾਂ ਗਾਹਕਾਂ ਅਤੇ ਕਰਮਚਾਰੀਆਂ ਲਈ ਸੁਰੱਖਿਅਤ ਅਤੇ ਪਹੁੰਚਣ ਯੋਗ ਹੋਣ। ਬਿਲਡਿੰਗ ਕੋਡ ਇਹ ਦੱਸਦੇ ਹਨ ਕਿ ਬਿਜਲੀ, ਨਲਸਾਜ਼ੀ, ਹੀਟਿੰਗ ਅਤੇ ਅੱਗ ਬੁਝਾਉਣ ਦੇ ਸਿਸਟਮ ਕਿਸ ਤਰ੍ਹਾਂ ਲਗਾਉਣੇ ਹਨ ਅਤੇ ਉਨ੍ਹਾਂ ਦੀ ਦੇਖਰੇਖ ਕਿੰਜ ਕਰਨੀ ਹੈ।

## ਉਹਨਾਂ ਕਾਰੋਬਾਰਾਂ ਲਈ ਜੋ ਖਾਣ-ਪੀਣ ਦੀਆਂ ਚੀਜ਼ਾਂ ਵੇਚਦੇ, ਪਰੋਸਦੇ ਅਤੇ/ਜਾਂ ਤਿਆਰ ਕਰਦੇ ਹਨ (ਜਿਵੇਂ, ਕਰਿਆਨੇ ਦੀਆਂ ਦੁਕਾਨਾਂ, ਕੌਫੀ ਸ਼ਾਪਾਂ, ਡੈਲੀਜ਼, ਰੈਸਟੋਰੈਂਟ, ਕੈਟਰਰ)

ਬਿਮਾਰੀਆਂ ਤੋਂ ਬਚਾਅ ਲਈ, ਯੂਨਾਇਟਿਡ ਸਟੇਟਸ ਵਿਚ ਖਾਣ-ਪੀਣ ਦੀਆਂ ਚੀਜ਼ਾਂ ਵਾਲੇ ਅਦਾਰੇ ਸਖਤੀ ਨਾਲ ਨਿਯੰਤ੍ਰਤ ਕੀਤੇ ਜਾਂਦੇ ਹਨ।

ਖਾਣ-ਪੀਣ ਦੀਆਂ ਚੀਜ਼ਾਂ ਵਾਲੇ ਅਦਾਰਿਆਂ ਬਾਰੇ ਨੇਮ ਇਹ ਦੱਸਦੇ ਹਨ ਕਿ ਖਾਣ-ਪੀਣ ਦੀਆਂ ਚੀਜ਼ਾਂ ਦੀ ਸੰਭਾਲ, ਉਹਨਾਂ ਨੂੰ ਤਿਆਰ ਕਰਨ ਵਾਲੇ ਇਲਾਕਿਆਂ ਅਤੇ ਸਾਜ਼ ਸਾਮਾਨ ਨੂੰ ਕਿਵੇਂ ਬਣਾਇਆ ਜਾਂ ਲਗਾਇਆ ਜਾਏ ਅਤੇ ਪਾਣੀ ਦੀ ਸਪਲਾਈ ਅਤੇ ਸਫਾਈ ਵਿਵਸਥਾ ਆਦਿ ਨੂੰ ਕਿਵੇਂ ਬਣਾਇਆ ਜਾਏ ਅਤੇ ਕਿਵੇਂ ਉਹਨਾਂ ਦੀ ਦੇਖਰੇਖ ਕੀਤੀ ਜਾਵੇ।

# ਜ਼ਰੂਰੀ ਵਸੀਲੇ
# ਅਤੇ ਫੋਨ ਨੰਬਰ

**ਅੱਪਰ ਡਾਰਬੀ ਲਾਇਸੈਂਸ ਅਤੇ ਨਿਰੀਖਣ (L&I) ਡਿਪਾਰਟਮੈਂਟ**

100 Garrett Road, Room 109
Upper Darby, PA 19082
ਫੋਨ: 610-734-7613

www.upperdarby.org/licenses-inspection.html
ਅੱਪਰ ਡਾਰਬੀ ਵਿਚ ਛੋਟਾ ਕਾਰੋਬਾਰ ਸ਼ੁਰੂ ਕਰਨ ਲਈ ਤੁਹਾਡਾ ਮੁੱਖ ਸੰਪਰਕ

**ਅੱਪਰ ਡਾਰਬੀ ਪਬਲਿਕ ਸਿਹਤ ਡਿਪਾਰਟਮੈਂਟ**

100 Garrett Road, Room 306
Upper Darby, PA 19082
ਫੋਨ: 610-734-7640

www.upperdarby.org/health.html
ਜੇ ਤੁਹਾਡਾ ਕਾਰੋਬਾਰ ਖਾਣ-ਪੀਣ ਦੀਆਂ ਚੀਜ਼ਾਂ ਵੇਚੇਗਾ, ਪਰੋਸੇਗਾ ਅਤੇ/ ਤਿਆਰ ਕਰੇਗਾ, ਤਾਂ ਆਪਣੇ ਕਾਰੋਬਾਰ ਵਿਚ ਪੈਸਾ ਲਗਾਉਣ ਤੋਂ ਪਹਿਲਾਂ ਸਿਹਤ ਡਿਪਾਰਟਮੈਂਟ ਨੂੰ ਸੰਪਰਕ ਕਰੋ।

**ਅੱਪਰ ਡਾਰਬੀ ਫਾਈਨੈਂਸ ਡਿਪਾਰਟਮੈਂਟ**

ਬਿਜ਼ਨਸ ਟੈਕਸ ਅਤੇ ਲਾਇਸੈਂਸ

100 Garrett Road, Room 102
Upper Darby, PA 19082
ਫੋਨ: 610-734-7618

www.upperdarby.org/local-taxes.html
ਫਾਈਨੈਂਸ ਡਿਪਾਰਟਮੈਂਟ ਤੁਹਾਡੇ ਕਾਰੋਬਾਰ ਨੂੰ ਰਜਿਸਟਰ ਕਰਨ ਅਤੇ ਟਾਉਨਸ਼ਿਪ ਦੇ ਬਿਜ਼ਨਸ ਟੈਕਸਾਂ ਨੂੰ ਸਮਝਣ ਵਿਚ ਤੁਹਾਡੀ ਮਦਦ ਕਰ ਸਕਦਾ ਹੈ।

## ਕਾਰੋਬਾਰ ਸ਼ੁਰੂ ਕਰਨ ਵੇਲੇ ਚੁਕੇ ਜਾਣ ਵਾਲੇ ਕਦਮ

**ਕਦਮ 1: ਯੋਜਨਾ ਬਣਾਉਣਾ**

**ਪਿਛੋਕੜ ਦਾ ਅਧਿਐਨ ਕਰੋ**

- ਮੁਮਕਿਨ ਥਾਂ(ਵਾਂ) ਦੀ ਪਛਾਣ ਕਰੋ
- ਕਾਨੂੰਨ ਜਾਣੋ
- ਕੈਸ਼ ਪ੍ਰਵਾਹ ਦਾ ਅੰਦਾਜ਼ਾ ਲਗਾਉ
- ਬਿਜ਼ਨਸ ਪਲਾਨ ਦਾ ਖਰੜਾ ਬਣਾਉ
- ਉਪਕਰਨਾਂ ਅਤੇ ਥੋਕ ਖਰੀਦ ਦੇ ਸ੍ਰੋਤ ਢੂੰਡੋ
- ਬੀਮੇ ਲਈ ਚੋਣਾਂ ਦੀ ਜਾਂਚ ਕਰੋ

**ਲੋਕਲ ਟਾਉਨਸ਼ਿਪ ਦਫਤਰਾਂ ਨਾਲ ਮੀਟਿੰਗਾਂ ਤੈਅ ਕਰੋ**

- ਅੱਪਰ ਡਾਰਬੀ L&I ਡਿਪਾਰਟਮੈਂਟ
- ਅੱਪਰ ਡਾਰਬੀ ਪਬਲਿਕ ਸਿਹਤ ਡਿਪਾਰਟਮੈਂਟ
  (ਜੇ ਖਾਣ ਦੀਆਂ ਚੀਜ਼ਾਂ ਵੇਚੋਗੇ ਜਾਂ ਵਰਤੋਗੇ)

↓

**ਕਦਮ 2: ਜ਼ੋਨਿੰਗ ਦੀ ਮਨਜ਼ੂਰੀ**

**ਜ਼ੋਨਿੰਗ ਪਾਲਣਾ ਸਮੀਖਿਆ ਪ੍ਰਾਪਤ ਕਰੋ**

-ਯੂਜ਼ ਐਂਡ ਆਕੂਪੈਂਸੀ ਸਰਟੀਫੀਕੇਸ਼ਨ ਲਈ ਅਰਜ਼ੀ ਦਿਉ

**ਸੰਪਰਕ ਕਰੋ**

-ਅੱਪਰ ਡਾਰਬੀ L&I ਡਿਪਾਰਟਮੈਂਟ

↓

**ਕਦਮ 3:ਦੂਜੀਆਂ ਮਨਜ਼ੂਰੀਆਂ ਅਤੇ ਰਜਿਸਟ੍ਰੇਸ਼ਨਾਂ**

**ਬਿਲਡਿੰਗ ਕੋਡ ਮਨਜ਼ੂਰੀ**

-ਬਿਲਡਿੰਗ ਪਰਮਿਟਾਂ ਲਈ ਅਰਜ਼ੀ ਦਿਉ

-ਇੰਸਪੈਕਸ਼ਨਾਂ ਕਰਵਾਉ

**ਸੰਪਰਕ ਕਰੋ**

-ਅੱਪਰ ਡਾਰਬੀ L&I ਡਿਪਾਰਟਮੈਂਟ

**ਸਿਹਤ ਕੋਡ ਮਨਜ਼ੂਰੀ**

(ਜੇ ਖਾਣ ਦੀਆਂ ਚੀਜ਼ਾਂ ਵੇਚੋਗੇ ਜਾਂ ਵਰਤੋਗੇ)

-ਫੂਡ ਲਾਈਸੈਂਸ ਲਈ ਅਰਜ਼ੀ ਦਿਉ

-ਇੰਸਪੈਕਸ਼ਨਾਂ ਕਰਵਾਉ

**ਸੰਪਰਕ ਕਰੋ**

-ਅੱਪਰ ਡਾਰਬੀ ਪਬਲਿਕ ਸਿਹਤ ਡਿਪਾਰਟਮੈਂਟ

**ਬਿਜ਼ਨਸ ਰਜਿਸਟ੍ਰੇਸ਼ਨ**

-ਟੈਕਸਾਂ ਲਈ ਰਜਿਸਟਰ ਕਰੋ

-ਲਾਈਸੈਂਸਾਂ ਲਈ ਅਰਜ਼ੀ ਦਿਉ

**ਸੰਪਰਕ ਕਰੋ**

-ਅੱਪਰ ਡਾਰਬੀ ਫਾਈਨੈਂਸ ਡਿਪਾਰਟਮੈਂਟ

-ਡਿਪਾਰਟਮੈਂਟ ਆਫ ਰੈਵਿਨਿਊ

↓

**ਅੰਤਮ ਇੰਸਪੈਕਸ਼ਨਾਂ ਕਰਵਾਉ ਅਤੇ ਮਨਜ਼ੂਰੀਆਂ ਲਉ**

**ਸੰਪਰਕ ਕਰੋ**

-ਅੱਪਰ ਡਾਰਬੀ L&I ਡਿਪਾਰਟਮੈਂਟ

-ਅੱਪਰ ਡਾਰਬੀ ਫਾਇਰ ਡਿਪਾਰਟਮੈਂਟ

-ਅੱਪਰ ਡਾਰਬੀ ਪਬਲਿਕ ਸਿਹਤ ਡਿਪਾਰਟਮੈਂਟ
(ਜੇ ਖਾਣ ਦੀਆਂ ਚੀਜ਼ਾਂ ਵੇਚੋਗੇ ਜਾਂ ਵਰਤੋਗੇ)

↓

**ਬਿਜ਼ਨਸ ਸ਼ੁਰੂ**

# ਕਦਮ 1: ਆਪਣੇ ਕਾਰੋਬਾਰ ਦੀ ਯੋਜਨਾ ਬਣਾਉਣਾ

## ਸ਼ੁਰੂ ਕਰਨ ਤੋਂ ਪਹਿਲਾਂ

ਕਾਰੋਬਾਰ ਦੀਆਂ ਮੁੱਖ ਕਾਰਵਾਈਆਂ ਬਾਰੇ ਸੋਚੋ:

- **ਮੁਮਕਿਨ ਥਾਂ(ਵਾਂ) ਦੀ ਪਛਾਣ ਕਰੋ।** ਜੇ ਤੁਹਾਡਾ ਕਾਰੋਬਾਰ ਸਹੀ ਜ਼ੋਨ ਵਿਚ ਨਹੀਂ ਹੋਵੇਗਾ ਤਾਂ ਜ਼ੋਨਿੰਗ ਤੋਂ ਵੱਖਰਾ ਹੋਣ ਲਈ ਤੁਹਾਨੂੰ ਵਾਧੂ ਸਮਾਂ ਅਤੇ ਪੈਸੇ ਖਰਚ ਕਰਨੇ ਪੈਣਗੇ।
- **ਕਾਨੂੰਨ ਜਾਣੋ।** ਫੈਡਰਲ, ਸਟੇਟ ਅਤੇ ਸਥਾਨਕ ਕਾਨੂੰਨ ਕਾਰੋਬਾਰਾਂ ਦੀਆਂ ਕਾਰਵਾਈਆਂ ਨੂੰ ਨਿਯੰਤ੍ਰਤ ਕਰਦੇ ਹਨ। ਇਹਨਾਂ ਕਾਰਵਾਈਆਂ ਵਿਚ ਟੈਕਸ, ਕਰਮਚਾਰੀ ਅਤੇ ਅਲਕੋਹਲ ਅਤੇ ਬੰਦੂਕਾਂ ਆਦਿ ਵਰਗੀਆਂ ਨਿਯੰਤ੍ਰਤ ਚੀਜ਼ਾਂ ਸ਼ਾਮਲ ਹਨ।
- **ਆਪਣੀ ਹਫਤੇਵਾਰ ਆਮਦਨੀ ਅਤੇ ਖਰਚੇ ਦਾ ਅੰਦਾਜ਼ਾ ਲਗਾਉ।** ਇੱਕ ਮੋਟਾ ਅੰਦਾਜ਼ਾ ਲਗਾਉ ਕਿ ਕਾਰੋਬਾਰ ਦੇ ਪਹਿਲੇ ਸਾਲ ਵਿਚ ਤੁਸੀਂ ਕਿੰਨਾਂ ਕਮਾਉਗੇ ਅਤੇ ਕਿੰਨਾਂ ਖਰਚ ਕਰੋਗੇ।
- **ਕਾਰੋਬਾਰ ਦੀ ਯੋਜਨਾ ਬਣਾਉਣ ਉੱਪਰ ਵਿਚਾਰ ਕਰੋ।** ਜੇ ਤੁਹਾਡੇ ਕੋਲ ਆਪਣੇ ਕਾਰੋਬਾਰ ਦੀ ਯੋਜਨਾ ਹੋਵੇਗੀ ਤਾਂ ਤੁਸੀਂ ਰਿਣ, ਗਰਾਂਟ ਅਤੇ ਦੂਜੇ ਵਿੱਤੀ ਵਿਕਲਪਾਂ ਲਈ ਯੋਗ ਹੋ ਸਕਦੇ ਹੋ।
- **ਉਪਕਰਨਾਂ ਦੇ ਸ੍ਰੋਤ ਢੂੰਡੋ** ਅਤੇ ਥੋਕ ਵਿਆਪਾਰੀਆਂ ਨਾਲ ਸਬੰਧ ਬਣਾਉ।
- **ਕਾਰੋਬਾਰ ਦੇ ਬੀਮੇ ਲਈ ਚੋਣਾਂ ਦੀ ਜਾਂਚ ਕਰੋ** ਤਾਂ ਜੋ ਨੁਕਸਾਨ, ਜੁਰਮ ਜਾਂ ਆਮਦਨੀ ਵਿਚ ਘਾਟੇ ਤੋਂ ਸੁਰੱਖਿਅਤ ਰਹਿ ਸਕੋ।

## ਯੋਜਨਾ ਬਣਾਉਣ ਵੇਲੇ

ਆਪਣੇ ਕਾਰੋਬਾਰ ਵਿਚ ਪੈਸਾ ਲਗਾਉਣ ਜਾਂ ਯੋਜਨਾਵਾਂ ਨੂੰ ਅੰਤਮ ਰੂਪ ਦੇਣ ਤੇ ਪਹਿਲਾਂ ਅੱਪਰ ਡਾਰਬੀ ਟਾਉਨਸ਼ਿਪ ਦੇ ਸਟਾਫ ਨੂੰ ਮਿਲੋ। L&I ਦਾ ਸਟਾਫ ਜ਼ੋਨਿੰਗ ਦੇ ਨੇਮਾਂ ਨੂੰ ਸਮਝਣ, ਅਤੇ ਕਾਰੋਬਾਰ ਸ਼ੁਰੂ ਕਰਨ ਲਈ ਤੁਹਾਨੂੰ ਲੋੜੀਂਦੇ ਸਰਟੀਫੀਕੇਟਾਂ, ਪਰਮਿਟਾਂ ਅਤੇ ਲਾਈਸੈਂਸਾਂ ਦੀ ਪਛਾਣ ਕਰਨ ਵਿਚ ਤੁਹਾਡੀ ਮਦਦ ਕਰੇਗਾ। ਜੇ ਤੁਸੀਂ ਖਾਣ-ਪੀਣ ਦੀਆਂ ਚੀਜ਼ਾਂ ਵੇਚੋਗੇ ਜਾਂ ਵਰਤੋਗੇ, ਤਾਂ ਪਬਲਿਕ ਸਿਹਤ ਡਿਪਾਰਟਮੈਂਟ ਤੁਹਾਨੂੰ ਖਾਣ-ਪੀਣ ਦੇ ਸਾਮਾਨ ਵਾਲੀਆਂ ਥਾਂਵਾਂ ਲਈ ਨੇਮਾਂ ਨੂੰ ਸਮਝਣ ਵਿਚ ਮਦਦ ਕਰਨਗੇ ਅਤੇ ਇਹ ਵੀ ਦੱਸਣਗੇ ਕਿ ਆਪਣਾ ਲਾਈਸੈਂਸ ਲੈਣ ਲਈ ਤੁਹਾਨੂੰ ਕੀ ਕੁਝ ਕਰਨਾ ਪਵੇਗਾ।

### ਜ਼ਰੂਰੀ: ਅੱਪਰ ਡਾਰਬੀ ਵਿਚ ਸਥਿਤ ਹੋਣ ਦੀ ਪੁਸ਼ਟੀ ਕਰੋ

ਕਈ ਵਾਰੀ ਕਿਸੇ ਪ੍ਰਾਪਰਟੀ ਦੇ ਡਾਕ ਪਤੇ ਵਿਚ ਲਿਖੇ ਹੋਏ ਸ਼ਹਿਰ ਦਾ ਨਾਂ ਉਹੀ ਟਾਉਨਸ਼ਿਪ ਜਾਂ ਮਿਊਨਿਸਪੈਲਟੀ ਨਹੀਂ ਹੁੰਦੀ ਜਿੱਥੇ ਕਾਰੋਬਾਰ ਸਥਿਤ ਹੁੰਦਾ ਹੈ। 610-734-7613 ਨੰਬਰ ਤੇ ਫੋਨ ਕਰਕੇ ਅੱਪਰ ਡਾਰਬੀ L&I ਡਿਪਾਰਟਮੈਂਟ ਤੋਂ ਇਹ ਪੱਕਾ ਕਰੋ ਕਿ ਤੁਹਾਡੇ ਕਾਰੋਬਾਰ ਦਾ ਨਵਾਂ ਪਤਾ ਅਸਲ ਵਿਚ ਅੱਪਰ ਡਾਰਬੀ ਦੀਆਂ ਸੀਮਾਵਾਂ ਦੇ ਅੰਦਰ ਸਥਿਤ ਹੈ। ਇਹ ਬਹੁਤ ਜ਼ਰੂਰੀ ਹੈ ਕਿਉਂਕਿ ਕਾਰੋਬਾਰ ਨੂੰ ਕਾਨੂੰਨੀ ਤੌਰ ਤੇ ਚਲਾਉਣ ਲਈ ਤੁਹਾਨੂੰ ਉਸ ਟਾਉਨਸ਼ਿਪ ਦੇ ਨੇਮਾਂ ਦੀ ਪਾਲਣਾ ਕਰਨੀ ਪਵੇਗੀ ਜਿੱਥੇ ਤੁਹਾਡਾ ਕਾਰੋਬਾਰ ਸਥਿਤ ਹੈ।

# ਕਦਮ 2: ਜ਼ੋਨਿੰਗ ਦੀ ਮਨਜ਼ੂਰੀ

## ਸ਼ੁਰੂਆਤ

ਅੱਪਰ ਡਾਰਬੀ ਵਿਚ ਕਾਰੋਬਾਰ ਚਲਾਉਣ ਲਈ ਤੁਹਾਨੂੰ ਯੂਜ਼ ਐਂਡ ਆਕੂਪੈਂਸੀ ਸਰਟੀਫੀਕੇਸ਼ਨਾਂ ਦੀ ਲੋੜ ਹੁੰਦੀ ਹੈ ਜੋ ਇਹ ਵਿਖਾਉਂਦੇ ਹਨ ਕਿ ਤੁਸੀਂ ਜ਼ੋਨਿੰਗ ਦੀ ਮਨਜ਼ੂਰੀ (ਯੂਜ਼) ਲੈ ਲਈ ਹੈ ਅਤੇ ਤੁਹਾਡਾ ਕਾਰੋਬਾਰ ਬਿਲਡਿੰਗ ਕੋਡ ਨੇਮਾਂ (ਆਕੂਪੈਂਸੀ) ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ।

ਅੱਪਰ ਡਾਰਬੀ L&I ਡਿਪਾਰਟਮੈਂਟ ਕੋਲੋਂ ਯੂਜ਼ ਐਂਡ ਆਕੂਪੈਂਸੀ ਸਰਟੀਫੀਕੇਸ਼ਨ ਲਈ ਅਰਜ਼ੀ ਮੰਗਵਾਉਣ ਲਈ 610-734-7613 ਨੰਬਰ ਤੇ ਫੋਨ ਕਰੋ। ਉਹ ਤੁਹਾਨੂੰ ਨਿਊ ਬਿਜ਼ਨਸ ਐਂਡ ਟੇਕਓਵਰ ਅਰਜ਼ੀ ਪੈਕਟ ਦੇਣਗੇ ਜਿਸ ਵਿਚ ਯੂਜ਼ ਐਂਡ ਆਕੂਪੈਂਸੀ ਅਰਜ਼ੀਆਂ ਹੋਣਗੀਆਂ ਅਤੇ ਨਾਲ ਸ਼ਾਮਲ ਹੋਵੇਗੀ:

- ਯੂਜ਼ ਐਂਡ ਆਕੂਪੈਂਸੀ ਮਨਜ਼ੂਰੀ ਲਈ ਲੋੜੀਂਦੇ ਲਾਈਸੈਂਸਾਂ, ਪਰਮਿਟਾਂ ਅਤੇ ਸਰਟੀਫੀਕੇਸ਼ਨਾਂ ਬਾਰੇ ਆਮ ਜਾਣਕਾਰੀ
- ਇਸ ਬਾਰੇ ਆਮ ਜਾਣਕਾਰੀ ਕਿ ਤੁਹਾਡੀ ਬਿਲਡਿੰਗ ਪ੍ਰਾਪਰਟੀ ਤੋਂ ਬਿਲਡਿੰਗ ਕੋਡ ਦੀਆਂ ਕੀ ਮੰਗਾਂ ਹਨ ਅਤੇ ਕਿਹੜੀਆਂ ਚੀਜ਼ਾਂ ਦਾ ਨਿਰੀਖਣ ਕੀਤਾ ਜਾਏਗਾ (ਜਿਵੇਂ, ਬਾਹਰ ਨਿਕਲਣ ਦੇ ਰਸਤੇ, ਦੇਖਰੇਖ, ਅੱਗ ਤੋਂ ਸੁਰੱਖਿਆ, ਨਲਸਾਜ਼ੀ ਅਤੇ ਬਿਜਲੀ, ਹੀਟਿੰਗ ਜਾਂ ਏਅਰ ਕੰਡੀਸ਼ਨਿੰਗ ਵਿਵਸਥਾਵਾਂ)

ਨਵੇਂ ਕਾਰੋਬਾਰ ਲਈ ਇਹ ਪੈਕਟ ਤੁਹਾਨੂੰ ਔਨਲਾਈਨ "Upper Darby Licenses and Inspection Permits" ਸਫੇ ਤੇ ਵੀ ਮਿਲ ਸਕਦਾ ਹੈ। ਇਸਦੇ ਲਈ ਵੈਬਸਾਈਟ: www.upperdarby.org/permits.html ਤੇ ਜਾਉ ਅਤੇ ਸਕ੍ਰੌਲ ਕਰਕੇ Permit Applications/Business Permits ਤੇ ਜਾਉ।

## ਜ਼ੋਨਿੰਗ ਦੀ ਮਨਜ਼ੂਰੀ ਲੈਣਾ

ਜਦ ਤੁਸੀਂ ਯੂਜ਼ ਸਰਟੀਫੀਕੇਸ਼ਨ ਲਈ ਅਰਜ਼ੀ ਦੇਂਦੇ ਹੋ ਤਾਂ ਤੁਸੀਂ ਇਹ ਦੱਸਦੇ ਹੋ ਕਿ ਤੁਸੀਂ ਕਿਥੇ ਕਾਰੋਬਾਰ ਕਰੋਗੇ ਅਤੇ ਕਿਹੜਾ ਸਾਮਾਨ ਜਾਂ ਸੇਵਾਵਾਂ ਵੇਚੋਗੇ। ਤੁਹਾਨੂੰ ਇਹ ਵੀ ਦੱਸਣਾ ਪਵੇਗਾ ਕਿ ਤੁਸੀਂ ਪ੍ਰਾਪਰਟੀ ਵਿਚ ਕਿਹੜੀਆਂ ਤਬਦੀਲੀਆਂ ਲਿਆਉਣ ਦੀ ਯੋਜਨਾ ਬਣਾ ਰਹੇ ਹੋ ਅਤੇ ਕੋਈ ਹੋਰ ਸਾਈਨ ਬੋਰਡ ਲਗਾਉਣ ਜਾਂ ਬਦਲਣ ਦੀ ਸੋਚ ਰਹੇ ਹੋ ਜਾਂ ਨਹੀਂ। ਇਸ ਜਾਣਕਾਰੀ ਦੀ ਵਰਤੋਂ ਜ਼ੋਨਿੰਗ ਪਾਲਣਾ ਸਮੀਖਿਆ ਲਈ ਕੀਤੀ ਜਾਂਦੀ ਹੈ।

### ਜ਼ੋਨਿੰਗ

ਯੂਨਾਇਟਿਟ ਸਟੇਟਸ ਵਿਚ ਪ੍ਰਾਈਵੇਟ ਪ੍ਰਾਪਰਟੀ ਦੀ ਵਰਤੋਂ ਉੱਪਰ ਨਿਯੰਤ੍ਰਣ ਰੱਖਣ ਲਈ ਸਰਕਾਰ ਜ਼ੋਨਿੰਗ ਨਾਂ ਦੀ ਵਿਵਸਥਾ ਦੀ ਵਰਤੋਂ ਕਰਦੀ ਹੈ। ਜ਼ੋਨਿੰਗ, ਪ੍ਰਾਪਰਟੀ ਦੀ "ਵਰਤੋਂ" ਉੱਪਰ ਲਾਗੂ ਹੁੰਦੀ ਹੈ। ਮਿਸਾਲ ਵਜੋਂ, ਜ਼ੋਨਿੰਗ ਇਹ ਦੱਸਦੀ ਹੈ ਕਿ ਕਿਸੇ ਪ੍ਰਾਪਰਟੀ ਨੂੰ ਇੱਕ ਰੈਸਟੋਰੈਂਟ, ਸਟੋਰ, ਡੇ-ਕੇਅਰ, ਸੈਲੂਨ, ਹੋਮ ਜਾਂ ਕਿਸੇ ਹੋਰ ਕੰਮ ਲਈ ਵਰਤਿਆ ਜਾ ਸਕਦਾ ਹੈ ਜਾਂ ਨਹੀਂ। ਜ਼ੋਨਿੰਗ ਬਿਲਡਿੰਗਾਂ ਅਤੇ ਉਹਨਾਂ ਦੇ ਸਮੂਹਾਂ ਦੇ ਸਾਈਜ਼, ਵਿਚਕਾਰਲੀਆਂ ਵਿੱਥਾਂ ਆਦਿ ਨੂੰ ਅਤੇ ਸਾਈਨ ਬੋਰਡਾਂ ਅਤੇ ਪਾਰਕਿੰਗ ਨੂੰ ਵੀ ਨਿਯੰਤ੍ਰਤ ਕਰਦੀ ਹੈ।

ਕਿਸੇ ਵੀ ਪ੍ਰਾਪਰਟੀ ਜਾਂ ਕਾਰੋਬਾਰ ਵਿਚ ਪੈਸਾ ਲਗਾਉਣ ਜਾਂ ਉਸਨੂੰ ਲੀਜ਼ ਤੇ ਲੈਣ ਤੋਂ ਪਹਿਲਾਂ ਅੱਪਰ ਡਾਰਬੀ L&I ਡਿਪਾਰਟਮੈਂਟ ਕੋਲੋਂ ਇਹ ਪਤਾ ਕਰ ਲਉ ਕਿ ਜ਼ੋਨਿੰਗ ਕੋਡ ਇਸ ਪ੍ਰਾਪਰਟੀ ਦੀ ਵਰਤੋਂ ਉਸ ਕਾਰੋਬਾਰ ਲਈ ਕਰਨ ਦੇਂਦਾ ਹੈ ਜਾਂ ਨਹੀਂ, ਜੋ ਤੁਸੀਂ ਕਰਨਾ ਚਾਹੁੰਦੇ ਹੋ - ਭਾਵੇਂ ਉਸ ਤਰ੍ਹਾਂ ਦਾ ਕਾਰੋਬਾਰ ਇਸ ਵੇਲੇ ਉੱਥੇ ਚਲ ਰਿਹਾ ਹੋਵੇ। ਜੇ ਤੁਸੀਂ ਜ਼ੋਨਿੰਗ ਦੀ ਮਨਜ਼ੂਰੀ ਸ਼ੁਰੂ ਵਿਚ ਹੀ ਨਹੀਂ ਲੈ ਲੈਂਦੇ ਤਾਂ ਬਾਅਦ ਵਿਚ ਤੁਹਾਡੀ ਮਰਜ਼ੀ ਦੇ ਕਾਰੋਬਾਰ ਨੂੰ ਉਸ ਥਾਂ ਤੇ ਚਲਾਉਣ ਵਿਚ ਕਠਨਾਈਆਂ ਹੋ ਸਕਦੀਆਂ ਹਨ। ਜੇ ਤੁਹਾਨੂੰ ਜ਼ੋਨਿੰਗ ਦੀ ਮਨਜ਼ੂਰੀ ਨਹੀਂ ਮਿਲਦੀ ਤਾਂ ਤੁਹਾਨੂੰ ਜ਼ੋਨਿੰਗ ਅਪੀਲ ਬੋਰਡ ਦੇ ਸਾਮ੍ਹਣੇ ਜ਼ੋਨਿੰਗ ਤੋਂ ਅੰਤਰ (ਜ਼ੋਨਿੰਗ ਵੇਰਿਐਂਸ) ਲਈ ਪੇਸ਼ ਹੋਣਾ ਪੈ ਸਕਦਾ ਹੈ।

# ਕਦਮ 3. ਹੋਰ ਮਨਜ਼ੂਰੀਆਂ ਅਤੇ ਰਜਿਸਟ੍ਰੇਸ਼ਨਾਂ

## ਬਿਲਡਿੰਗ ਕੋਡ ਦੀ ਮਨਜ਼ੂਰੀ ਲੈਣਾ - ਸਾਰੇ ਕਾਰੋਬਾਰਾਂ ਲਈ

ਆਕੂਪੈਂਸੀ ਸਰਟੀਫੀਕੇਸ਼ਨ ਲਈ ਅਰਜ਼ੀ ਦੇਣ ਵੇਲੇ ਤੁਸੀਂ ਆਪਣੇ ਕਾਰੋਬਾਰ ਦੇ ਫਲੋਰ ਪਲਾਨ ਅਤੇ ਅੰਦਰੂਨੀ ਖਾਕੇ, ਪਦਾਰਥਕ ਵਿਵਸਥਾਵਾਂ, ਅੱਗ ਬੁਝਾਉਣ ਦੀਆਂ ਵਿਵਸਥਾਵਾਂ ਅਤੇ ਸਾਈਨ ਬੋਰਡਾਂ ਦਾ ਵੇਰਵਾ ਵੀ ਦਿਉਗੇ। ਅੱਪਰ ਡਾਰਬੀ L&I ਡਿਪਾਰਟਮੈਂਟ ਦਾ ਸਟਾਫ ਇਸ ਜਾਣਕਾਰੀ ਦੀ ਵਰਤੋਂ ਇਹ ਪਤਾ ਲਗਾਉਣ ਲਈ ਕਰੇਗਾ ਕਿ ਤੁਹਾਨੂੰ ਕਿਹੜੇ ਬਿਲਡਿੰਗ ਪਰਮਿਟ ਲੈਣ ਦੀ ਲੋੜ ਪਵੇਗੀ ਅਤੇ L&I ਕਿਹੜੀਆਂ ਇੰਸਪੈਕਸ਼ਨਾਂ ਕਰੇਗਾ।

### ਬਿਲਡਿੰਗ ਪਰਮਿਟ ਅਤੇ ਇੰਸਪੈਕਸ਼ਨਾਂ

ਜੇ ਤੁਸੀਂ ਕਾਰੋਬਾਰੀ ਪ੍ਰਾਪਰਟੀ ਵਿਚ ਭੌਤਿਕ ਤਬਦੀਲੀਆਂ ਕਰ ਰਹੇ ਹੋ ਜਾਂ ਬਿਲਡਿੰਗ ਦੀ ਵਰਤੋਂ ਦੇ ਤਰੀਕੇ ਨੂੰ ਬਦਲ ਰਹੇ ਹੋ, ਤਾਂ ਤੁਹਾਨੂੰ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਬਿਲਡਿੰਗ ਪਰਮਿਟਾਂ ਲਈ ਅਰਜ਼ੀ ਦੇਣੀ ਪਵੇਗੀ। ਨਲਸਾਜ਼ੀ (ਪਲੰਬਿੰਗ), ਦਿਵਾਰਾਂ ਜਾਂ ਦੂਜੀ ਵਾਧੂ ਉਸਾਰੀ, ਅਤੇ ਬਿਜਲੀ, ਹੀਟਿੰਗ ਜਾਂ ਏਅਰ ਕੰਡੀਸ਼ਨਿੰਗ ਵਿਵਸਥਾਵਾਂ ਲਈ ਵੱਖ ਵੱਖ ਪਰਮਿਟ ਲੈਣੇ ਪੈਣਗੇ। ਹੋ ਸਕਦਾ ਹੈ ਕਿ ਕਿਸੇ ਆਰਕੀਟੈਕਟ ਜਾਂ ਇੰਜੀਨਿਅਰ ਕੋਲੋਂ ਤੁਹਾਨੂੰ ਨਕਸ਼ੇ ਅਤੇ ਡ੍ਰਾਇੰਗਾਂ ਬਣਵਾਉਣ ਦੀ ਲੋੜ ਪਵੇ। ਜਿਵੇਂ ਜਿਵੇਂ ਕੰਮ ਅੱਗੇ ਵੱਧੇਗਾ L&I ਸਟਾਫ ਇੰਸਪੈਕਸ਼ਨਾਂ ਕਰੇਗਾ। ਪਰਮਿਟਾਂ ਲਈ ਅਰਜ਼ੀਆਂ ਲੈਣ ਲਈ ਜਾਂ ਕੋਈ ਸਵਾਲ ਪੁਛਣ ਲਈ L&I ਡਿਪਾਰਟਮੈਂਟ ਨੂੰ 610-734-7613 ਨੰਬਰ ਤੇ ਫੋਨ ਕਰੋ।

### ਅੰਤਮ ਮਨਜ਼ੂਰੀ

ਤੁਹਾਡੇ ਕਾਰੋਬਾਰ ਖੋਲ੍ਹਣ ਤੋਂ ਪਹਿਲਾਂ, L&I ਸਟਾਫ ਤੁਹਾਡੇ ਨਵੇਂ ਕਾਰੋਬਾਰ ਦਾ ਨਿਰੀਖਣ ਕਰੇਗਾ ਅਤੇ ਇਹ ਪੱਕਾ ਕਰੇਗਾ ਕਿ ਇਹ ਬਿਲਡਿੰਗ ਕੋਡਾਂ ਦੇ ਮੁਤਾਬਕ ਹੈ। ਤੁਹਾਡੀ ਅੱਗ ਬੁਝਾਉਣ ਦੀ ਵਿਵਸਥਾ ਦੀ ਤਸਦੀਕ ਹੋਣੀ ਵੀ ਜ਼ਰੂਰੀ ਹੈ। ਜੇ ਤੁਸੀਂ ਕੋਈ ਭੌਤਿਕ ਤਬਦੀਲੀਆਂ ਨਹੀਂ ਵੀ ਕੀਤੀਆਂ, ਤਾਂ ਵੀ ਤੁਹਾਡੇ ਨਵੇਂ ਕਾਰੋਬਾਰ ਦੇ ਖੁਲ੍ਹਣ ਤੋਂ ਪਹਿਲਾਂ ਉਸਦਾ ਨਿਰੀਖਣ ਹੋਣਾ ਜ਼ਰੂਰੀ ਹੈ।

## ਬਿਲਡਿੰਗ ਦੇ ਪਲਾਨਾਂ ਬਾਰੇ ਇੱਕ ਗੱਲ

ਅੱਪਰ ਡਾਰਬੀ L&I ਡਿਪਾਰਟਮੈਂਟ ਕੋਲੋਂ (ਅਤੇ ਸਿਹਤ ਡਿਪਾਰਟਮੈਂਟ ਕੋਲੋਂ, ਜੇ ਤੁਸੀਂ ਖਾਣ-ਪੀਣ ਦੀਆਂ ਚੀਜ਼ਾਂ ਵੇਚਣਾ ਜਾਂ ਵਰਤਣਾ ਚਾਹੁੰਦੇ ਹੋ) ਇਹ ਜ਼ਰੂਰ ਪਤਾ ਕਰ ਲਉ ਕਿ ਆਪਣੀ ਕਾਰੋਬਾਰੀ ਥਾਂ ਵਿਚ ਤੁਸੀਂ ਜੋ ਤਬਦੀਲੀਆਂ ਕਰ ਰਹੇ ਹੋ ਉਹਨਾਂ ਲਈ ਕਿਸ ਤਰ੍ਹਾਂ ਦੀਆਂ ਬਿਲਡਿੰਗ ਪਲਾਨਾਂ ਜਾਂ ਡ੍ਰਾਇੰਗਾਂ ਦੀ ਲੋੜ ਹੈ। ਵੱਡੀਆਂ ਤਬਦੀਲੀਆਂ ਲਈ ਡ੍ਰਾਇੰਗਾਂ ਕਿਸੇ ਆਰਕੀਟੈਕਟ ਜਾਂ ਇੰਜੀਨਿਅਰ ਕੋਲੋ ਬਣਵਾਣੀਆਂ ਪੈਣਗੀਆਂ, ਪਰ ਛੋਟੀਆਂ ਤਬਦੀਲੀਆਂ ਲਈ ਪੇਸ਼ੇਵਰ ਕੋਲੋਂ ਬਣਵਾਈਆਂ ਡ੍ਰਾਇੰਗਾਂ ਦੀ ਲੋੜ ਸ਼ਾਇਦ ਨਾ ਪਵੇ।

## ਸਿਹਤ ਕੋਡ ਦੀ ਮਨਜ਼ੂਰੀ ਲੈਣਾ - ਸਿਰਫ ਖਾਣ-ਪੀਣ ਦੀਆਂ ਚੀਜ਼ਾਂ ਵੇਚਣ ਜਾਂ ਵਰਤਣ ਵਾਲੇ ਕਾਰੋਬਾਰਾਂ ਲਈ

ਖਾਣ-ਪੀਣ ਦੀਆਂ ਚੀਜ਼ਾਂ ਵੇਚਣ, ਪਰੋਸਣ ਅਤੇ/ਜਾਂ ਤਿਆਰ ਕਰਨ ਵਾਲੇ ਕਾਰੋਬਾਰਾਂ ਦਾ ਵਰਗੀਕਰਨ "ਖਾਣ-ਪੀਣ ਦੇ ਅਦਾਰਿਆਂ" ਵਜੋਂ ਕੀਤਾ ਜਾਂਦਾ ਹੈ ਅਤੇ ਉਹਨਾਂ ਕੋਲ ਅੱਪਰ ਡਾਰਬੀ ਪਬਲਿਕ ਸਿਹਤ ਡਿਪਾਰਟਮੈਂਟ ਦੀ ਮਨਜ਼ੂਰੀ ਅਤੇ ਲਾਈਸੈਂਸ ਹੋਣਾ ਜ਼ਰੂਰੀ ਹੈ। ਸਿਹਤ ਡਿਪਾਰਟਮੈਂਟ ਖਾਣ-ਪੀਣ ਦੀਆਂ ਚੀਜ਼ਾਂ ਨੂੰ ਵਰਤਣ ਦੀਆਂ ਕਾਰਜ ਪ੍ਰਣਾਲੀਆਂ ਅਤੇ 'ਖਾਣ-ਪੀਣ ਦੇ ਅਦਾਰਿਆਂ' ਦੀ ਉਸਾਰੀ ਅਤੇ ਉਹਨਾਂ ਵਿਚ ਤਬਦੀਲੀਆਂ ਨੂੰ ਨਿਯੰਤ੍ਰਤ ਕਰਦਾ ਹੈ ਤਾਂ ਜੇ ਟਾਉਨਸ਼ਿਪ ਦੇ ਸਿਹਤ ਕੋਡ ਦੀ ਪਾਲਣਾ ਕੀਤੀ ਜਾ ਸਕੇ। ਇਹ ਪਤਾ ਲਗਾਉਣ ਲਈ ਕਿ ਇਸ ਕਾਰੋਬਾਰ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਤੁਹਾਡੇ ਲਈ ਕੀ ਕਰਨਾ ਜ਼ਰੂਰੀ ਹੈ, ਕਿਰਪਾ ਕਰਕੇ 610-734-7640 ਨੰਬਰ ਤੇ ਸਿਹਤ ਵਿਭਾਗ ਨੂੰ ਸੰਪਰਕ ਕਰੋ।

ਨਿਰੀਖਣ ਅਤੇ ਮਨਜ਼ੂਰੀ ਦੇ ਕੰਮ ਵਿਚ ਸਿਹਤ ਵਿਭਾਗ, ਅੱਪਰ ਡਾਰਬੀ L&I ਡਿਪਾਰਟਮੈਂਟ (ਬਿਲਡਿੰਗ ਕੋਡ ਦੀ ਪਾਲਣਾ ਲਈ ਜ਼ਿੰਮੇਵਾਰ) ਦੇ ਨਾਲ ਇਕੱਠੇ ਮਿਲ ਕੇ ਕੰਮ ਕਰਦਾ ਹੈ।

ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਖਾਣੇ ਦੀ ਸੁਰੱਖਿਅਤਾ ਨੂੰ ਯਕੀਨੀ ਬਣਾਉਣ ਲਈ ਸਿਹਤ ਵਿਭਾਗ ਖਾਣ-ਪੀਣ ਦੇ ਅਦਾਰਿਆਂ ਦੇ ਕੰਮ ਦੇ ਕਈ ਪੱਖਾਂ ਨੂੰ ਨਿਯੰਤ੍ਰਤ ਕਰਦਾ ਹੈ, ਜਿਵੇਂ:

- ਉਪਕਰਨਾਂ ਦਾ ਡਿਜ਼ਾਇਨ ਅਤੇ ਸਥਾਪਨਾ
- ਹਵਾ ਦੀ ਆਵਾਜਾਈ
- ਫਰਸ਼
- ਯੂਟਿਲਿਟੀ ਲਾਈਨਾਂ
- ਅੰਦਰੂਨੀ ਛੱਤ ਦੀ ਬਨਾਵਟ
- ਬੈਵਰੇਜ ਸਿਸਟਮ
- ਹਾਨੀਕਾਰਕ ਕੀੜਿਆਂ ਤੇ ਕੰਟ੍ਰੋਲ
- ਰੌਸ਼ਨੀ
- ਪਾਣੀ ਅਤੇ ਗੰਦਗੀ ਦਾ ਨਿਕਾਸ
- ਰੈਸਟਰੂਮ ਅਤੇ ਲੌਕਰ ਸੁਵਿਧਾਵਾਂ
- ਦੁਬਾਰਾ ਵਰਤੋਂ ਅਤੇ ਰੀਸਾਈਕਲ ਯੋਗ ਚੀਜ਼ਾਂ

### ਅੰਤਮ ਮਨਜ਼ੂਰੀ

ਕਾਰੋਬਾਰ ਖੋਲ੍ਹਣ ਤੋਂ ਪਹਿਲਾਂ, ਸਿਹਤ ਡਿਪਾਰਟਮੈਂਟ ਵਲੋਂ ਅੰਤਮ ਨਿਰੀਖਣ ਕਰਨਾ ਅਤੇ ਖਾਣ-ਪੀਣ ਦੇ ਅਦਾਰੇ ਵਜੋਂ ਕੰਮ ਕਰਨ ਲਈ ਤੁਹਾਡੇ ਲਾਈਸੈਂਸ ਦੀ ਮਨਜ਼ੂਰੀ ਦੇਣਾ ਜ਼ਰੂਰੀ ਹੈ। <u>ਜੇ ਤੁਸੀਂ ਕੋਈ ਭੌਤਿਕ ਤਬਦੀਲੀਆਂ ਨਹੀਂ ਕੀਤੀਆਂ</u>, ਤਾਂ ਵੀ ਤੁਹਾਡੇ ਕਾਰੋਬਾਰ ਦੇ ਖੁਲ੍ਹਣ ਤੋਂ ਪਹਿਲਾਂ ਉਸਦਾ ਨਿਰੀਖਣ ਜ਼ਰੂਰੀ ਹੈ। ਖੁਲ੍ਹਣ ਦੇ ਬਾਅਦ, ਸਿਹਤ ਕੋਡ ਦੀ ਪਾਲਣਾ ਯਕੀਨੀ ਬਣਾਉਣ ਲਈ ਸਿਹਤ ਡਿਪਾਰਟਮੈਂਟ ਕਦੇ ਕਦੇ ਅਚਾਨਕ ਨਿਰੀਖਣ ਕਰਦਾ ਰਹੇਗਾ।

### <u>ਖਾਣ-ਪੀਣ ਦੇ ਅਦਾਰਿਆਂ ਉੱਪਰ ਨਿਯੰਤ੍ਰਣ</u>

ਬਿਮਾਰ ਹੋਣ ਤੋਂ ਬਚਣ ਅਤੇ ਸੁਰੱਖਿਅਤਾ ਯਕੀਨੀ ਬਣਾਉਣ ਲਈ, ਯੂ.ਐਸ. ਵਿਚ ਖਾਣ-ਪੀਣ ਦੀਆਂ ਚੀਜ਼ਾਂ ਵੇਚਣ, ਪਰੋਸਣ ਅਤੇ/ਜਾਂ ਤਿਆਰ ਕਰਨ ਵਾਲੇ ਕਾਰੋਬਾਰਾਂ ਉੱਪਰ ਕੜਾ ਨਿਯੰਤ੍ਰਣ ਰੱਖਿਆ ਜਾਂਦਾ ਹੈ। ਕਰਿਆਨੇ ਦੇ ਸਟੋਰਾਂ, ਮਿਨੀ-ਮਾਰਟਾਂ, ਕਨਵੀਨਿਐਂਸ ਸਟੋਰਾਂ, ਡੈਲੀਜ਼, ਰੈਸੋਟੋਰੈਂਟਾਂ, ਕੈਫੇਟੀਰਿਆ ਅਤੇ ਕੈਟੇਰਰਾਂ ਲਈ ਲਾਈਸੈਂਸ-ਸ਼ੁਦਾ ਹੋਣਾ ਅਤੇ ਸਿਹਤ ਕੋਡ ਨੇਮਾਂ ਦੀ ਪਾਲਣਾ ਕਰਨਾ ਲਾਜ਼ਮੀ ਹੈ। ਇਹ ਨੇਮ ਗੁੰਝਲਦਾਰ ਹੋ ਸਕਦੇ ਹਨ ਜੋ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਸ ਤਰ੍ਹਾਂ ਦੀਆਂ ਖਾਣ-ਪੀਣ ਦੀਆਂ ਚੀਜ਼ਾਂ ਵੇਚਣਾ ਚਾਹੁੰਦੇ ਹੋ ਅਤੇ ਇਹ ਚੀਜ਼ਾਂ ਕਿਸ ਤਰ੍ਹਾਂ ਪੈਕ, ਤਿਆਰ ਅਤੇ ਸਟੋਰ ਕੀਤੀਆਂ ਅਤੇ ਪਰੋਸੀਆਂ ਜਾਂਦੀਆਂ ਹਨ। ਖਾਸ ਤੁਹਾਡੇ ਕਾਰੋਬਾਰ ਉੱਪਰ ਲਾਗੂ ਹੋਣ ਵਾਲੇ ਨੇਮਾਂ ਨੂੰ ਸਮਝਣ ਵਿਚ, ਅਤੇ ਪਾਲਣਾ ਲਈ ਤੁਹਾਨੂੰ ਕੀ ਕਰਨ ਦੀ ਲੋੜ ਹੈ, ਜਾਣਨ ਵਿਚ ਅੱਪਰ ਡਾਰਬੀ ਪਬਲਿਕ ਸਿਹਤ ਡਿਪਾਰਟਮੈਂਟ (610-734-7640) ਤੁਹਾਡੀ ਮਦਦ ਕਰ ਸਕਦਾ ਹੈ।

### ਫੂਡ ਸੈਨਿਟੇਸ਼ਨ ਮੈਨੇਜਰ ਸਰਟੀਫੀਕੇਸ਼ਨ

ਖਾਣ-ਪੀਣ ਦੇ ਜ਼ਿਆਦਾਤਰ ਅਦਾਰਿਆਂ ਲਈ ਇੱਕ ਫੁੱਲ-ਟਾਈਮ ਤਸਦੀਕ-ਸ਼ੁਦਾ ਫੂਡ ਸੈਨਿਟੇਸ਼ਨ ਮੈਨੇਜਰ (CFSM) ਹੋਣਾ ਜ਼ਰੂਰੀ ਹੈ। ਇਸ ਕਰਮਚਾਰੀ ਲਈ ਜ਼ਰੂਰੀ ਹੈ ਕਿ ਉਸਨੇ ਇੱਕ ਮਾਨਤਾ-ਪ੍ਰਾਪਤ ਭੋਜਨ ਸੁਰੱਖਿਅਤਾ ਅਤੇ ਸਰਟੀਫੀਕੇਸ਼ਨ ਕੋਰਸ (ਆਮ ਤੌਰ ਤੇ 16 ਘੰਟੇ ਦਾ) ਪੂਰਾ ਕੀਤਾ ਹੋਵੇ। ਇਸ ਤਸਦੀਕ-ਸ਼ੁਦਾ ਕਰਮਚਾਰੀ ਲਈ ਪੂਰਾ ਸਮਾਂ ਤੁਹਾਡੇ ਕਾਰੋਬਾਰ ਦੀ ਥਾਂ ਤੇ ਮੌਜੂਦ ਰਹਿਣਾ ਜ਼ਰੂਰੀ ਨਹੀਂ ਹੈ।

ਤੁਹਾਡੇ ਕਾਰੋਬਾਰ ਲਈ CFSM ਦੇ ਬਾਰੇ ਕੀ ਮੰਗਾਂ ਹਨ, ਇਸ ਬਾਬਤ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਅੱਪਰ ਡਾਰਬੀ ਪਬਲਿਕ ਸਿਹਤ ਡਿਪਾਰਟਮੈਂਟ ਨੂੰ 610-734-7640 ਨੰਬਰ ਤੇ ਸੰਪਰਕ ਕਰੋ। ਉਹ ਤੁਹਾਨੂੰ ਅੰਗਰੇਜ਼ੀ ਅਤੇ ਦੂਜੀਆਂ ਭਾਸ਼ਾਵਾਂ ਵਿਚ ਚਲਾਏ ਜਾ ਰਹੇ ਸਰਟੀਫੀਕੇਸ਼ਨ ਕੋਰਸਾਂ ਬਾਰੇ ਜਾਣਕਾਰੀ ਦੇ ਸਕਦੇ ਹਨ।

## ਤੁਹਾਡੇ ਕਾਰੋਬਾਰ ਨੂੰ ਰਜਿਸਟਰ ਕਰਨਾ - ਸਾਰੇ ਕਾਰੋਬਾਰਾਂ ਲਈ

ਅੱਪਰ ਡਾਰਬੀ ਵਿਚ ਕਾਰੋਬਾਰ ਚਲਾਉਣ ਲਈ ਨਵੇਂ ਕਾਰੋਬਾਰ ਨੂੰ ਅੱਪਰ ਡਾਰਬੀ ਫਾਈਨੈਂਸ ਡਿਪਾਰਟਮੈਂਟ ਵਿਚ ਰਜਿਸਟਰ ਕਰਾਉਣਾ ਅਤੇ ਬਿਜ਼ਨਸ ਪ੍ਰਿਵਿਲੈਜ ਲਾਈਸੈਂਸ ਪ੍ਰਾਪਤ ਕਰਨਾ ਜ਼ਰੂਰੀ ਹੈ। ਇਸ ਲਾਈਸੈਂਸ ਨੂੰ ਹਰ ਸਾਲ ਰੀਨਿਊ ਕਰਵਾਉਣਾ ਜ਼ਰੂਰੀ ਹੈ। ਅਰਜ਼ੀ ਪ੍ਰਾਪਤ ਕਰਨ ਲਈ ਫਾਈਨੈਂਸ ਡਿਪਾਰਟਮੈਂਟ ਨੂੰ 601-734-7618 ਨੰਬਰ ਤੇ ਫੋਨ ਕਰੋ ਜਾਂ ਇਸ ਵੈਬਸਾਈਟ ਤੇ ਜਾਉ: www.upperdarby.org/finance.html ('Services Tax Forms' ਤੇ ਕਲਿਕ ਕਰੋ ਅਤੇ ਫੇਰ ਸਕ੍ਰੌਲ ਡਾਉਨ ਕਰਕੇ 'Other Local Taxes' ਤੇ ਜਾਉ)।

ਫਾਈਨੈਂਸ ਡਿਪਾਰਟਮੈਂਟ ਤੁਹਾਨੂੰ ਉਹਨਾਂ ਲੋਕਲ ਟੈਕਸਾਂ ਬਾਰੇ ਵੀ ਸਮਝਾ ਸਕਦਾ ਹੈ ਜੋ ਤੁਹਾਨੂੰ ਆਪਣੇ ਕਾਰੋਬਾਰ ਦੇ ਲਈ ਦੇਣੇ ਜ਼ਰੂਰੀ ਹਨ। ਫਾਈਨੈਂਸ ਡਿਪਾਰਟਮੈਂਟ ਇਸ ਪਤੇ ਤੇ ਸਥਿਤ ਹੈ: 100 Garrett Road, Room 201, Upper Darby, PA 19082.

ਤੁਹਾਡੇ ਲਈ ਆਪਣੇ ਨਵੇਂ ਕਾਰੋਬਾਰ ਦੇ ਵਜੂਦ ਅਤੇ ਕਾਰੋਬਾਰ ਦੇ ਨਾਂ ਨੂੰ ਪੈਨਸਿਲਵੈਨੀਆ ਸਟੇਟ ਕੋਲ ਰਜਿਸਟਰ ਕਰਵਾਉਣਾ ਅਤੇ ਸੇਲਜ਼ ਟੈਕਸ ਲਾਈਸੈਂਸ ਲੈਣਾ ਵੀ ਜ਼ਰੂਰੀ ਹੈ। ਫਾਰਮ ਲੈਣ ਲਈ ਤੁਹਾਨੂੰ ਪੈਨਸਿਲਵੈਨੀਆ ਡਿਪਾਰਟਮੈਂਟ ਆਫ ਰੈਵਿਨਿਊ ਨੂੰ 610-619-8018 ਜਾਂ 717-787-1064 ਨੰਬਰ ਤੇ ਫੋਨ ਕਰਨਾ ਪਵੇਗਾ ਜਾਂ ਤੁਸੀਂ 'ਪੈਨਸਿਲਵੈਨੀਆ ਓਪਨ ਫਾਰ ਬਿਜ਼ਨਸ' ਦੀ ਵੈਬਸਾਈਟ www.paopen4business.state.pa.us ਤੇ ਜਾਉ।

ਜੇ ਤੁਸੀਂ ਕਰਮਚਾਰੀਆਂ ਨੂੰ ਨੌਕਰੀ ਤੇ ਰੱਖਣਾ ਚਾਹੁੰਦੇ ਹੋ ਤਾਂ ਤੁਹਾਨੂੰ ਯੂ.ਐਸ. ਇੰਟਰਨਲ ਰੈਵਿਨਿਊ ਸਰਵਿਸ (IRS) ਕੋਲੋਂ ਇੱਕ ਕਰਮਚਾਰੀ ਪਛਾਣ ਨੰਬਰ (EIN) ਲੈਣਾ ਪਵੇਗਾ। ਅਰਜ਼ੀ ਦੇ ਲਈ IRS ਨੂੰ 800-829-4933 ਤੇ ਫੋਨ ਕਰੋ ਜਾਂ ਔਨਲਾਈਨ www.irs.gov/businesses/small/article/0,,id=102767,00.html ਤੇ ਅਰਜ਼ੀ ਦਿਉ।

ਇੱਕ ਨੌਕਰੀਦਾਤਾ ਵਜੋਂ ਤੁਹਾਡੀਆਂ ਟੈਕਸ ਦੀਆਂ ਜ਼ਿੰਮੇਵਾਰੀਆਂ ਹੋਣਗੀਆਂ, ਜਿਵੇਂ ਟੈਕਸ ਰੋਕ ਕੇ ਰੱਖਣਾ ਅਤੇ ਬੇਰੁਜ਼ਗਾਰੀ ਮੁਆਵਜ਼ਾ। ਹੋਰ ਜਾਣਕਾਰੀ ਅਤੇ ਲੋੜੀਂਦੇ ਫਾਰਮ ਲੈਣ ਲਈ ਪੈਨਸਿਲਵੈਨੀਆ ਡਿਪਾਰਟਮੈਂਟ ਆਫ ਰੈਵਿਨਿਊ ਨੂੰ 610-619-8018 ਜਾਂ 717-787-1064 ਨੰਬਰ ਤੇ ਫੋਨ ਕਰੋ ਜਾਂ ਵੈਬਸਾਈਟ www.paopen4business.state.pa.us ਤੇ ਜਾਉ।

# <u>ਵਾਧੂ ਜਾਣਕਾਰੀ</u>

## ਲਾਈਸੈਂਸ, ਟੈਕਸ ਅਤੇ ਸਰਟੀਫੀਕੇਸ਼ਨ

**ਨੋਟ:** ਭਵਿੱਖ ਵਿਚ ਇਹ ਖਰਚੇ ਬਦਲ ਸਕਦੇ ਹਨ।

**ਬਿਲਡਿੰਗ ਪਰਮਿਟ** – ਫੀਸ ਬਦਲਣਹਾਰ ਹੈ
ਜ਼ਰੂਰੀ ਹੈ ਜੇ ਤੁਸੀਂ ਪ੍ਰਾਪਰਟੀ ਵਿਚ ਤਬਦੀਲੀਆਂ ਕਰ ਰਹੇ ਹੋ। ਫੀਸ ਆਮ ਤੌਰ ਤੇ ਕੀਤੇ ਜਾਣ ਵਾਲੇ ਕੰਮ ਦੇ ਖਰਚੇ ਦੇ ਆਧਾਰ ਤੇ ਲਈ ਜਾਂਦੀ ਹੈ। ਅੱਪਰ ਡਾਰਬੀ L&I ਡਿਪਾਰਟਮੈਂਟ ਨੂੰ 610-734-7613 ਨੰਬਰ ਤੇ ਫੋਨ ਕਰਕੇ ਸੰਪਰਕ ਕਰੋ।

**ਬਿਜ਼ਨਸ ਪ੍ਰਿਵਿਲੇਜ/ਮਰਕੈਂਟਾਈਲ ਰਜਿਸਟ੍ਰੇਸ਼ਨ ਅਤੇ ਲਾਈਸੈਂਸ** - ਫੀਸ ਬਾਰੇ ਟਾਉਨਸ਼ਿਪ ਤੋਂ ਪਤਾ ਕਰੋ।
ਤੁਹਾਨੂੰ ਅੱਪਰ ਡਾਰਬੀ ਵਿਚ ਕਾਰੋਬਾਰ ਦੀ ਇਜਾਜ਼ਤ ਦੇਂਦਾ ਹੈ। ਹਰ ਸਾਲ ਰੀਨਿਊ ਕਰਵਾਣਾ ਜ਼ਰੂਰੀ ਹੈ। ਅੱਪਰ ਡਾਰਬੀ ਫਾਈਨੈਂਸ ਡਿਪਾਰਟਮੈਂਟ ਨੂੰ 610-734-7618 ਨੰਬਰ ਤੇ ਫੋਨ ਕਰਕੇ ਸੰਪਰਕ ਕਰੋ।

**ਬਿਜ਼ਨਸ ਪ੍ਰਿਵਿਲੇਜ/ਮਰਕੈਂਟਾਈਲ ਟੈਕਸ** – ਫੀਸ ਬਦਲਣਹਾਰ ਹੈ
ਬਿਜ਼ਨਸ ਦੀ ਕੁਲ ਵਸੂਲੀ ਰਕਮ ਦੇ ਉੱਪਰ ਅੱਪਰ ਡਾਰਬੀ ਦਾ ਸਿੱਧਾ ਟੈਕਸ। ਕਾਰੋਬਾਰੀ ਟੈਕਸਾਂ ਬਾਰੇ ਹੋਰ ਜਾਣਕਾਰੀ ਲੈਣ ਲਈ ਅੱਪਰ ਡਾਰਬੀ ਫਾਈਨੈਂਸ ਡਿਪਾਰਟਮੈਂਟ ਨੂੰ 610-734-7618 ਨੰਬਰ ਤੇ ਫੋਨ ਕਰੋ।

**ਸਟੇਟ ਟੈਕਸ ਲਾਈਸੈਂਸ** – ਕੋਈ ਫੀਸ ਨਹੀਂ
ਪੈਨਸਿਲਵੈਨੀਆ ਸੇਲਜ਼ ਟੈਕਸ ਲਾਈਸੈਂਸ ਦੀ ਲੋੜ ਜ਼ਿਆਦਾਤਰ ਪਰਚੂਨ ਕਾਰੋਬਾਰਾਂ ਲਈ ਹੁੰਦੀ ਹੈ। ਜ਼ਿਆਦਾ ਜਾਣਕਾਰੀ ਲਈ ਪੈਨਸਿਲਵੈਨੀਆ ਡਿਪਾਰਟਮੈਂਟ ਆਫ ਰੈਵਿਨਿਊ ਨੂੰ 610-619-8018 ਜਾਂ 717-787-1064 ਨੰਬਰ ਤੇ ਫੋਨ ਕਰੋ।

**ਯੂਜ਼ ਅਤੇ ਆਕੂਪੈਂਸੀ ਸਰਟੀਫੀਕੇਸ਼ਨ** – ਫੀਸ ਦਾ ਪਤਾ ਟਾਉਨਸ਼ਿਪ ਕੋਲੋਂ ਪਤਾ ਕਰੋ
ਸਾਰੇ ਕਾਰੋਬਾਰਾਂ ਕੋਲ ਅੱਪਰ ਡਾਰਬੀ ਟਾਉਨਸ਼ਿਪ ਵਲੋਂ ਸਰਟੀਫੀਕੇਟ ਆਫ ਯੂਜ਼ ਐਂਡ ਆਕੂਪੈਂਸੀ ਹੋਣਾ ਜ਼ਰੂਰੀ ਹੈ। ਅੱਪਰ ਡਾਰਬੀ L&I ਨੂੰ 610-734-7613 ਨੰਬਰ ਤੇ ਸੰਪਰਕ ਕਰੋ।

**ਖਾਣ-ਪੀਣ ਦੇ ਅਦਾਰਿਆਂ ਲਈ ਲਾਈਸੈਂਸ** (ਜੇ ਖਾਣ-ਪੀਣ ਦੀਆਂ ਚੀਜ਼ਾਂ ਵੇਚ ਜਾਂ ਵਰਤ ਰਹੇ ਹੋ) – ਫੀਸ ਬਾਰੇ ਟਾਉਨਸ਼ਿਪ ਤੋਂ ਪਤਾ ਕਰੋ।

ਜੇ ਤੁਸੀਂ ਖਾਣ-ਪੀਣ ਦੀਆਂ ਚੀਜ਼ਾਂ ਵੇਚਦੇ, ਪਰੋਸ਼ਦੇ ਅਤੇ/ਜਾਂ ਤਿਆਰ ਕਰਦੇ ਹੋ ਤਾਂ ਤੁਹਾਡੇ ਲਈ ਅੱਪਰ ਡਾਰਬੀ ਪਬਲਿਕ ਸਿਹਤ ਡਿਪਾਰਟਮੈਂਟ ਕੋਲੋਂ ਖਾਣ-ਪੀਣ ਦੇ ਅਦਾਰਿਆਂ ਦਾ ਲਾਈਸੈਂਸ ਲੈਣਾ ਜ਼ਰੂਰੀ ਹੈ। ਤੁਹਾਨੂੰ ਕਿਸ ਕਿਸਮ ਦੇ ਲਾਈਸੈਂਸ ਦੀ ਲੋੜ ਹੈ ਇਹ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਸ ਕਿਸਮ ਦੀ ਖਾਣੇ ਦੀ ਸੇਵਾ ਦਾ ਕਾਰੋਬਾਰ ਚਲਾਉਣ ਦੀ ਸੋਚ ਰਹੇ ਹੋ। ਲਾਈਸੈਂਸ ਦੀ ਅਰਜ਼ੀ ਲੈਣ ਲਈ ਸਿਹਤ ਡਿਪਾਰਟਮੈਂਟ ਨੂੰ 610-734-7640 ਨੰਬਰ ਤੇ ਫੋਨ ਕਰੋ।

**ਫੂਡ ਸੇਫਟੀ/ਸੈਨੀਟੇਸ਼ਨ ਕੋਰਸ ਸਰਟੀਫੀਕੇਸ਼ਨ**

(ਜੇ ਖਾਣ-ਪੀਣ ਦੀਆਂ ਚੀਜ਼ਾਂ ਵੇਚ ਜਾਂ ਵਰਤ ਰਹੇ ਹੋ) -

ਜੇ ਤੁਸੀਂ ਖਾਣ-ਪੀਣ ਦੀਆਂ ਚੀਜ਼ਾਂ ਵੇਚਦੇ, ਪਰੋਸਦੇ ਅਤੇ/ਜਾਂ ਤਿਆਰ ਕਰਦੇ ਹੋ ਤਾਂ ਹੋ ਸਕਦਾ ਹੈ ਕਿ ਤੁਹਾਡੇ ਲਈ ਇੱਕ ਫੁੱਲ ਟਾਈਮ ਕਰਮਚਾਰੀ ਰੱਖਣਾ ਜ਼ਰੂਰੀ ਹੋਵੇ ਜੋ ਤਸਦੀਕਸ਼ੁਦਾ ਫੂਡ ਸੈਨਿਟੇਸ਼ਨ ਮੈਨੇਜਰ (CFSM) ਹੋਵੇ। ਅੱਪਰ ਡਾਰਬੀ ਪਬਲਿਕ ਸਿਹਤ ਡਿਪਾਰਟਮੈਂਟ ਨੂੰ 610-734-7640 ਨੰਬਰ ਤੇ ਫੋਨ ਕਰਕੇ ਤੁਸੀਂ ਆਪਣੇ ਕਾਰੋਬਾਰ ਲਈ ਲੋੜੀਂਦੀਆਂ ਚੀਜ਼ਾਂ ਬਾਰੇ ਅਤੇ ਅੰਗਰੇਜ਼ੀ ਅਤੇ ਦੂਜੀਆਂ ਭਾਸ਼ਾਵਾਂ ਵਿਚ ਚਲਾਏ ਜਾਣ ਵਾਲੇ ਸਰਟੀਫੀਕੇਸ਼ਨ ਕੋਰਸਾਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

**ਦੂਜੇ ਲਾਈਸੈਂਸ ਜਾਂ ਸਰਟੀਫੀਕੇਸ਼ਨ** – ਫੀਸਾਂ ਬਦਲਣਹਾਰ ਹਨ

ਉਸ ਉਦਯੋਗ ਜਾਂ ਕਾਰੋਬਾਰ ਦੀ ਕਿਸਮ ਦੇ ਮੁਤਾਬਕ, ਜੋ ਤੁਸੀਂ ਸ਼ੁਰੂ ਕਰ ਰਹੇ ਹੋ, ਤੁਹਾਨੂੰ ਜਾਂ ਤੁਹਾਡੇ ਕਰਮਚਾਰੀਆਂ ਨੂੰ ਸਟੇਟ ਜਾਂ ਕਾਉਂਟੀ ਤੋਂ ਹੋਰ ਲਾਈਸੈਂਸ ਜਾਂ ਸਰਟੀਫੀਕੇਸ਼ਨ ਲੈਣ ਦੀ ਲੋੜ ਪੈ ਸਕਦੀ ਹੈ। ਮਿਸਾਲ ਲਈ, ਪੈਨਸਿਲਵੈਨੀਆ ਸਟੇਟ ਵਿਚ ਬਿਊਟੀ ਸੈਲੂਨਾਂ ਅਤੇ ਆਪਰੇਟਰਾਂ ਨੂੰ ਲਾਈਸੈਂਸ ਲੈਣਾ ਪੈਂਦਾ ਹੈ।

## ਫੀਸ

ਹਰ ਪਰਮਿਟ, ਲਾਈਸੈਂਸ, ਅਤੇ ਸਰਟੀਫੀਕੇਸ਼ਨ ਲਈ ਸ਼ਾਇਦ ਕੋਈ ਨਾ ਕੋਈ ਫੀਸ ਦੇਣੀ ਪਏਗੀ। ਇਹ ਫੀਸ ਪਰਮਿਟ ਦੀ ਕਿਸਮ, ਲੋੜੀਂਦੇ ਇੰਸਪੈਕਸ਼ਨਾਂ ਦੀ ਸੰਖਿਆ ਅਤੇ/ਜਾਂ ਉਹਨਾਂ ਭੌਤਿਕ ਤਬਦੀਲੀਆਂ ਦੇ ਉੱਪਰ ਨਿਰਭਰ ਕਰੇਗੀ ਜੋ ਤੁਸੀਂ ਕਰਨ ਦੀ ਸੋਚ ਰਹੇ ਹੋ। ਜੇ ਤੁਸੀਂ ਖਾਣ-ਪੀਣ ਦਾ ਅਦਾਰਾ ਖੋਲ੍ਹ ਰਹੇ ਹੋ ਜਾਂ ਜ਼ੋਨਿੰਗ ਵੈਰਿਐਂਸ ਚਾਹ ਰਹੇ ਹੋ ਤਾਂ ਉਸ ਦੀ ਫੀਸ ਵਾਧੂ ਲਗੇਗੀ